ਪੱਤ੍ਰਿਕਾ (ਤਿਮਾਹੀ)

# ਨਿਰਮਲ ਜਲ

ਸੰਪਾਦਕ: ਇੰਜ. ਏ. ਕੇ. ਸੋਨੀ | ਜਨਵਰੀ-ਮਾਰਚ 2014 | ਸਾਲ ਚੌਥਾ | ਅੰਕ:10

## ਸੰਦੇਸ਼



ਪੰਜਾਬ ਸਰਕਾਰ ਵਲੋਂ ਮੈਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਸੈਕਟਰ ਵਾਈਡ ਐਪਰੋਚ ਦੇ ਸਿਧਾਂਤਾਂ ਨੂੰ ਲਾਗੂ ਕਰਦੇ ਹੋਏ 28 ਫਰਵਰੀ 2014 ਤੱਕ 3717 ਸਕੀਮਾਂ ਨੂੰ ਪੂਰਾ ਕਰਨ ਵਿਚ ਇੱਕ ਅਹਿਮ ਭੂਮੀਕਾ ਨਿਭਾਈ ਹੈ।ਸਾਡਾ ਸਫ਼ਰ ਇਹਨਾਂ ਸਕੀਮਾਂ ਨੂੰ ਲਾਗੂ ਕਰਕੇ ਖ਼ਤਮ ਨਹੀਂ ਹੁੰਦਾ। ਗ੍ਰਾਮ ਪੰਚਾਇਤ ਜਲ ਅਤੇ ਸੈਨੀਟੇਸਨ ਕਮੇਟੀਆਂ ਦੁਆਰਾ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਲਗਾਤਾਰ ਮਦਦ ਕਰਨਾ ਸਾਡੀ ਜਿੰਮੇਵਾਰੀ ਹੈ।

ਸਾਲ 2013-14 ਦੌਰਾਨ ਅਸੀਂ ਆਪਣਾ ਧਿਆਨ 93 ਪਿੰਡਾਂ ਵਿਚ ਸੀਵਰੇਜ ਸਕੀਮਾਂ ਨੂੰ ਪੂਰਾ ਕਰਨ ਵੱਲ ਕੇਂਦਰਿਤ ਕੀਤਾ ਹੈ।ਇਹ ਸਕੀਮਾਂ ਵੀ ਸਤੰਬਰ 2014 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ। ਸਾਰੇ ਪਿੰਡਾਂ ਵਿਚ ਪਾਣੀ ਦੇ ਕੁਨੈਕਸ਼ਨ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਨਾਲ ਹੀ ਹਰ ਘਰ ਵਿੱਚ ਪਖਾਨਾ ਹੋਣਾ ਵੀ ਯਕੀਨੀ ਬਣਾਇਆ ਜਾ ਰਿਹਾ ਹੈ।ਹੁਣ ਤੱਕ ਸਿਰਫ 72% ਪੇਂਡੂ ਘਰਾਂ ਵਿਚ ਹੀ ਨਿੱਜੀ ਪਖਾਨੇ ਹਨ।

ਜਿਥੇ ਰਾਜ ਦੇ ਸਾਰੇ ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਨਾਉਣ ਦੇ ਨੇੜੇ ਹਾਂ ਉਥੇ ਮਹਿਕਮਾ 28/02/2014 ਤੱਕ 35 ਪਿੰਡਾਂ ਨੂੰ 24×7 ਆਧਾਰ ਤੇ ਪਾਣੀ ਦੇਣ ਵਿਚ ਸਫਲ ਹੋਇਆ ਹੈ। ਇਸ ਵੱਲ ਜ਼ਿਆਦਾ ਧਿਆਨ ਦੇਣ ਦੇ ਨਾਲ ਨਾਲ ਭਾਰੀ ਤੱਤਾਂ ਨਾਲ ਪ੍ਰਭਾਵਿਤ ਹੋਈ ਪਾਣੀ ਦੀ ਗੁਵੱਤਤਾ ਲਈ ਪਾਣੀ ਸ਼ੁਧੀਕਰਨ ਸਿਸਟਮ ਲਗਾਉਣ ਦੀ ਲੋੜ ਹੈ।

ਮੈਨੂੰ ਇਹ ਸਾਂਝਾ ਕਰਨ ਵਿੱਚ ਖੁਸ਼ੀ ਹੈ ਕਿ ਮਹਿਕਮਾ ਜਲ ਸਪਲਾਈ ਤੇ ਸੈਨੀਟੇਸ਼ਨ ਵਲੋਂ ਵਿਸ਼ਵ ਬੈਂਕ ਦੀ ਸਹਾਇਤਾ ਨਾਲ 2200 ਕਰੋੜ ਰੁਪਏ ਦੇ ਨਵੇਂ ਜਲ ਸਪਲਾਈ ਤੇ ਸੈਨੀਟੇਸ਼ਨ ਪ੍ਰੋਜੈਕਟ ਤੇ ਕੰਮ ਕਰ ਰਿਹਾ ਹੈ।ਭਾਰਤ ਸਕਰਾਰ ਦੇ ਵਿੱਤ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰਾਲਿਆਂ ਵਲੋਂ ਆਪਣੀ ਸਹਿਮਤੀ ਦੇ ਕੇ ਵਿਸ਼ਵ ਬੈਂਕ ਨੂੰ ਰਾਸ਼ੀ ਦਾ ਪ੍ਰਬੰਧ ਕਰਨ ਲਈ ਸਿਫ਼ਾਰਸ ਕੀਤੀ ਜਾ ਚੁੱਕੀ ਹੈ।ਜਿਵੇਂ ਕਿ ਇਸ ਪ੍ਰੋਜੈਕਟ ਦਾ ਧਿਆਨ ਪੇਂਡੂ ਇਲਾਕਿਆਂ ਵਿੱਚ ਸਮੂਹ ਸਵੱਛਤਾ ਵੱਲ ਕੇਂਦਰਿਤ ਕਰਨਾ ਹੈ, ਇਸ ਨਾਲ ਪੇਂਡੂ ਲੋਕਾਂ ਦੇ ਰਹਿਣ ਸਹਿਣ ਵਿੱਚ ਕਾਫੀ ਸੁਧਾਰ ਆਵੇਗਾ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਵਲੋਂ ਰਾਜ ਪੱਧਰੀ ਜਲ ਸਪਲਾਈ ਤੇ ਸੈਨੀਟੇਸ਼ਨ ਪਾਲਿਸੀ 2014 ਨੂੰ ਵੀ ਮੰਨਜ਼ੂਰੀ ਦਿੱਤੀ ਗਈ ਹੈ।ਇਸ ਪਾਲਿਸੀ ਦਾ ਵੀ ਮੁੱਖ ਉਦੇਸ਼ ਪੇਂਡੂ ਵਾਸੀਆਂ ਦੀ ਅਸਰਦਾਰ ਸਮੂਲੀਅਤ ਨਾਲ ਸਮੂਹ ਸਵੱਛਤਾ ਪ੍ਰਾਪਤ ਕਰਨਾ ਹੈ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਮਹਿਕਮਾ ਪੇਂਡੂ ਲੋਕਾਂ ਦੀ ਸਾਫ਼ ਪਾਣੀ ਅਤੇ ਸਮੂਹ ਸਵੱਛਤਾ ਦੀ ਇੱਛਾ ਨੂੰ ਪੂਰਾ ਕਰਨ ਲਈ ਆਪਣੇ ਯਤਨਾ ਨੂੰ ਜਾਰੀ ਰਖੇਗਾ।ਮੈਂ ਚਾਹੁੰਦਾ ਹਾਂ ਕਿ ਮਹਿਕਮਾ ਆਪਣੀ ਕੋਸ਼ਿਸ਼ ਵਿੱਚ ਸਫਲ ਹੋਵੇ।

**ਸੁਰੇਸ਼ ਕੁਮਾਰ, ਆਈ.ਏ.ਐਸ.**
ਵਿੱਤੀ ਕਮਿਸ਼ਨਰ ਵਿਕਾਸ ਕਮ
ਪ੍ਰਮੁੱਖ ਸਕੱਤਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ

## ਚੰਗੀ ਕਾਰਜਗੁਜ਼ਾਰੀ ਦਿਖਾਉਣ ਵਾਲੀਆਂ ਗ੍ਰਾਮ ਪੰਚਾਇਤ ਜਲ ਅਤੇ ਸੈਨੀਟੇਸਨ ਕਮੇਟੀਆਂ ਦਾ ਉਤਸ਼ਾਹ ਵਧਾਉਣ ਲਈ ਇਨਾਮ ਦੀ ਰਾਸ਼ੀ ਨੂੰ ਦੂਗਣਾ ਕਰਨ ਦਾ ਐਲਾਨ

ਚੰਡੀਗੜ੍ਹ: ਪੰਜਾਬ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੇ ਸਾਲ 2012-13 ਲਈ ਪਿੰਡਾਂ ਅੰਦਰ ਜਲ ਸਪਲਾਈ, ਸਾਫ਼-ਸਫ਼ਾਈ ਦੀ ਵਿਵਸਥਾ ਅਤੇ ਚੰਗੀ ਕਾਰਜਗੁਜਾਰੀ ਦਿਖਾਉਣ ਵਾਲੀਆਂ ਪੰਚਾਇਤਾਂ ਨੂੰ ਪਿਛਲੇ ਸਾਲ ਦੀ ਤੁਲਨਾ ਵਿਚ ਦੁਗਣੀ ਗ੍ਰਾਂਟ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਹੈ। ਮਹਿਕਮੇ ਵੱਲੋਂ ਦੱਸਿਆ ਗਿਆ ਹੈ ਕਿ ਗ੍ਰਾਮ ਪੰਚਾਇਤਾਂ ਨੂੰ ਰਾਜ ਪੱਧਰ ਤੇ ਪਹਿਲਾ ਇਨਾਮ 4,00,000 ਰੁਪਏ, ਦੂਜਾ ਇਨਾਮ 3,00,000 ਰੁਪਏ, ਤੀਜਾ ਇਨਾਮ 2,00,000 ਰੁਪਏ ਦਿੱਤਾ ਜਾਵੇਗਾ।ਜਿਲ੍ਹਾ ਪੱਧਰ ਤੇ ਚੰਗੀ ਕਾਰਗੁਜਾਰੀ ਦਿਖਾਉਣ ਵਾਲੀਆਂ ਦੋ ਪੰਚਾਇਤਾਂ ਨੂੰ ਵੀ ਪਹਿਲਾ ਇਨਾਮ 1.5 ਲੱਖ ਰੁਪਏ ਅਤੇ ਦੂਜਾ ਇਨਾਮ 1 ਲੱਖ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਸਾਰੇ ਰਾਜ ਵਿਚੋਂ ਚੰਗੀ ਕਾਰਗੁਜਾਰੀ ਦਿਖਾਉਣ ਵਾਲੀਆਂ ਜੀ.ਪੀ. ਡਬਲਯੂ ਐਸ. ਸੀ. ਦੀ ਪਹਿਚਾਨ ਕਰਨ ਲਈ ਮਹਿਕਮੇ ਵਲੋਂ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਇਨਾਮ ਦੇਣ ਲਈ ਮਹਿਕਮੇ ਵਲੋਂ ਇਕ ਮਾਪ ਦੰਡ ਜਾਰੀ ਕੀਤਾ ਗਿਆ ਹੈ ਜਿਸ ਅਨੁਸਾਰ ਜਲ ਸਪਲਾਈ ਸਕੀਮ ਘੱਟੋ ਘੱਟ ਇੱਕ ਸਾਲ ਦੇ ਸਮੇਂ ਲਈ ਸਾਲਾਨਾ ਦੇਖਭਾਲ ਸੁੱਚਜੇ ਢੰਗ ਨਾਲ ਗ੍ਰਾਮ ਪੰਚਾਇਤ ਜਲ ਸਪਲਾਈ ਤੇ ਸੈਨੀਟੇਸ਼ਨ ਕਮੇਟੀ ਵਲੋਂ ਸਫਲਤਾ ਪੂਰਵਕ ਚਲਾਈ ਗਈ ਹੋਵੇ, ਪਿੰਡ ਵਿਚ ਘੱਟੋ ਘੱਟ 90% ਪਾਣੀ ਦੇ ਕੁਨੈਕਸ਼ਨ ਲੱਗੇ ਹੋਣ ਤੇ ਕਮੇਟੀ ਦੇ ਆਪਣੇ ਖਾਤੇ ਵਿਚ ਚੰਗੀ ਰਕਮ ਜਮ੍ਹਾਂ ਰੱਖੀ ਹੋਵੇ।

## ਪਿੰਡਾਂ ਵਿਚੋਂ ਪਿੰਡ ਸੁਣੀਦਾ, ਪਿੰਡ ਸੁਣੀਦਾ ਬੁਰਜ ਝੱਬਰਾਂ

ਪਿੰਡ ਬੁਰਜ ਝਾਬਰਾਂ ਜ਼ਿਲਾ ਮਾਨਸਾ ਦਾ ਇਕ ਉਹ ਪਹਿਲਾ ਪਿੰਡ ਹੈ ਜਿਸ ਪਿੰਡ ਦੀ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਵਧਾਈ ਦੀ ਪਾਤਰ ਹੈ।ਮਾਨਸਾ, ਬਠਿੰਡਾ ਫਰੀਦਕੋਟ ਅਤੇ ਮੁਕਤਸਰ ਵਰਗੇ ਹਲਕੇ ਜਿਥੇ ਧਰਤੀ ਹੇਠਲਾ ਪਾਣੀ ਮਨੁੱਖਤਾ ਦੇ ਪੀਣ ਦੇ ਕਾਬਿਲ ਨਹੀਂ ਹੈ, ਵਿਚ ਪਿੰਡ ਝਾਬੜਾ ਜ਼ਿਲਾ ਮਾਨਸਾ ਦੇ ਪਿੰਡ ਨੇ ਮੀਟਰ ਲਾ ਕੇ ਨਹਿਰੀ ਪਾਣੀ ਸਾਫ ਕਰਕੇ ਪਿੰਡ ਵਾਸੀਆਂ ਨੂੰ 24 ਘੰਟੇ ਪਾਣੀ ਦੇਣ ਦਾ ਅਹਿਮ ਉਪਰਾਲਾ ਕੀਤਾ ਹੈ।ਵੈਸੇ ਤਾਂ ਪੰਜਾਬ ਵਿੱਚ ਹੋਰ ਵੀ ਪਿੰਡ ਹਨ ਜਿਥੇ ਪਿੰਡ ਵਾਸੀ 24 ਘੰਟੇ ਪਾਣੀ ਲੈ ਸਕਦੇ ਹਨ ਪਰ ਉਨ੍ਹਾਂ ਪਿੰਡਾਂ ਵਿਚ ਪਾਣੀ ਨਲਖੂਹ ਤੋਂ ਸਿੱਧਾ ਹੀ ਦਿੱਤਾ ਜਾਂਦਾ ਹੈ। ਝਾਬਰਾ ਪਿੰਡ ਦੀ ਕਮੇਟੀ ਦੇ ਮੈਂਬਰਾਂ ਵੱਲੋਂ ਦਿਲਚਸਪੀ ਨਾਲ ਕੰਮ ਕਰਨ ਨਾਲ ਇਕ ਅਦਭੁੱਤ ਪ੍ਰਾਪਤੀ ਕੀਤੀ ਗਈ ਹੈ।ਕਮੇਟੀ ਵੱਲੋਂ ਸਿਰਫ ਪਾਣੀ ਦੀ ਬਰਬਾਦੀ ਹੀ ਨਹੀਂ ਰੋਕੀ ਬਲਕਿ ਪਾਣੀ ਨੂੰ ਦੂਸ਼ਿਤ ਹੋਣ ਤੋਂ ਵੀ ਬਚਾਇਆ ਹੈ।

### ਸੀਵਰ ਕੁਨੈਕਸ਼ਨ




**ਸੰਪਾਦਕੀ ਬੋਰਡ:** *ਇੰਜ. ਐਨ. ਕੇ . ਧੀਰ, ਇੰਜ. ਐਸ. ਸੀ. ਗੁਪਤਾ, ਇੰਜ. ਗੁਰਪ੍ਰੀਤ ਸਿੰਘ, ਇੰਜ. ਡੀ. ਕੇ ਭਸੀਨ, ਇੰਜ. ਆਰ.ਕੇ. ਖੋਸਲਾ*

# ਵਿਕੇਂਦਰੀਕਰਨ ਨੀਤੀ ਦੀ ਇੱਕ ਅਨੋਖੀ ਪਹਿਲ
# ਨਿਰਮਲ ਜਲ ਸਕੀਮਾਂ ਲੋਕ ਹੀ ਚਲਾਉਣਗੇ।

ਪੰਜਾਬ ਰਾਜ ਵਿੱਚ ਸਾਲ 2005 ਤੋਂ ਪਹਿਲਾਂ ਜਲ ਸਪਲਾਈ ਅਤੇ ਸੈਨੀਟੇਸ਼ਨ ਸਕੀਮਾਂ ਦੀ ਸਾਰੀ ਪਲੈਨਿੰਗ, ਉਸਾਰੀ, ਸਾਂਭ-ਸੰਭਾਲ ਅਤੇ ਜਲ ਸਪਲਾਈ ਨੂੰ ਪਿੰਡਾਂ ਵਿੱਚ ਯਕੀਨੀ ਬਨਾਉਣ ਦੀ ਸਾਰੀ ਜਿੰਮੇਵਾਰੀ ਜਲ ਸਪਲਾਈ ਮਹਿਕਮੇ ਵੱਲੋਂ ਨਿਭਾਈ ਜਾਂਦੀ ਸੀ। ਮਹਿਕਮੇ ਕੋਲ ਸੀਮਿਤ ਸਾਧਨ ਹੋਣ ਕਰਕੇ ਜਲ ਸਪਲਾਈ ਸਕੀਮਾਂ ਦੀ ਸਾਂਭ ਸੰਭਾਲ ਲੋਕਾਂ ਦੀਆਂ ਜਰੂਰਤਾਂ ਅਤੇ ਮੰਗਾਂ ਅਨੁਸਾਰ ਨਹੀਂ ਹੁੰਦੀ ਸੀ। ਪੁਰਾਣੀਆਂ ਸਕੀਮਾਂ ਵਿੱਚ ਲੋਕਾਂ ਦੀ ਭਾਗੀਦਾਰੀ ਅਤੇ ਸਮੂਲੀਅਤ ਵੀ ਨਹੀਂ ਹੁੰਦੀ ਸੀ। ਹੌਲੀ-ਹੌਲੀ ਜਹਿਰੀਲੀਆਂ ਖਾਦਾਂ ਅਤੇ ਦਵਾਈਆਂ ਦੀ ਵਰਤੋਂ ਅਤੇ ਉਦਯੋਗਿਕ ਇਕਾਈਆਂ ਤੋਂ ਹੋਣ ਵਾਲੇ ਪ੍ਰਦੂਸ਼ਣ ਕਾਰਨ ਪਾਣੀ ਦੀ ਉਪਰਲੀ ਸਤਾ ਵਿੱਚ ਰਸਾਇਨਾਂ ਦੀ ਮਾਤਰਾ ਮਨੁੱਖ ਦੀ ਸਹਿਣ ਸ਼ਕਤੀ ਤੋਂ ਵੱਧ ਹੋਣ ਲੱਗ ਪਈ ਜਿਸ ਕਾਰਨ ਪੰਜਾਬ ਵਿੱਚ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ।

ਪੰਜਾਬ ਦੇ ਪਿੰਡਾਂ ਵਿੱਚ ਹਰ ਦਿਨ ਵਧ ਰਹੀ ਦੂਸ਼ਿਤ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਇਸ ਤੋਂ ਹੋਣ ਵਾਲੀਆਂ ਖਤਰਨਾਕ ਬਿਮਾਰੀਆਂ ਤੋਂ ਪਿੰਡ ਦੇ ਲੋਕਾਂ ਨੂੰ ਰਾਹਤ ਦਿਵਾਉਣ ਵਾਸਤੇ ਪੰਜਾਬ ਸਰਕਾਰ ਨੇ ਵਿਸ਼ਵ ਬੈਂਕ ਦੀ ਵਿੱਤੀ ਸਹਾਇਤਾ ਨਾਲ ਜੂਨ 2005 ਤੋਂ ਜਨਵਰੀ 2007 ਦੌਰਾਨ ਪਾਇਲਟ ਫੇਜ਼ ਦੇ 80 ਪਿੰਡਾਂ ਵਿੱਚ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰੋਜੈਕਟ ਸ਼ੁਰੂ ਕੀਤਾ। ਇਹਨਾ ਪ੍ਰੋਜੈਕਟਾਂ ਵਿੱਚ ਲੋਕਾਂ ਦੀਆਂ ਜਰੂਰਤਾਂ ਅਤੇ ਮੰਗਾਂ ਮੁਤਾਬਿਕ, ਉਹਨਾਂ ਦੀ ਸ਼ਮੂਲੀਅਤ ਅਤੇ ਭਾਗੀਦਾਰੀ ਦੇ ਨਾਲ, 70 ਲੀਟਰ ਪ੍ਰਤੀ ਜੀਅ, ਪ੍ਰਤੀ ਦਿਨ ਪੀਣ ਵਾਲਾ ਸਾਫ਼ ਅਤੇ ਸ਼ੁੱਧ ਪਾਣੀ ਪਿੰਡ ਵਾਸੀਆਂ ਨੂੰ ਮੁਹੱਈਆ ਕਰਵਾਉਣ ਦਾ ਟੀਚਾ ਮਿੱਥਿਆ ਗਿਆ। ਸਕੀਮਾਂ ਦੀ ਪੂਰੀ ਜਿੰਮੇਵਾਰੀ ਗ੍ਰਾਮ ਪੰਚਾਇਤ ਦੀਆਂ ਜਲ ਅਤੇ ਸੈਨੀਟੇਸ਼ਨ ਕਮੇਟੀਆਂ (ਜੀ.ਪੀ. ਡਬਲਿਯੂ ਐਸ਼. ਸੀ. ਨੂੰ ਸੌਂਪੀ ਗਈ ਹੈ, ਤਾਂ ਕਿ ਪਿੰਡ ਵਾਸੀ ਆਪਣੀਆਂ ਜ਼ਰੂਰਤਾਂ ਮੁਤਾਬਿਕ ਜਲ ਸਪਲਾਈ ਸਕੀਮਾਂ ਦੀ ਵਰਤੋਂ ਕਰ ਸਕਣ ਅਤੇ ਪਿੰਡ ਦਾ ਕੋਈ ਘਰ ਸ਼ੁੱਧ ਜਲ ਸਪਲਾਈ ਤੋਂ ਵਾਂਝਾ ਨਾ ਰਹਿ ਸਕੇ।

ਪੰਜਾਬ ਸਰਕਾਰ ਦੀ ਇਹ ਅਨੋਖੀ ਪਹਿਲ ਪਿੰਡ ਵਾਸੀਆਂ ਦੀ ਪਾਣੀ ਦੀ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਣ ਲਈ ਮੀਲ ਪੱਧਰ ਸਾਬਤ ਹੋ ਰਹੀ ਹੈ। ਮਈ 2007 ਤੋਂ ਬਾਅਦ ਹੁਣ ਤੱਕ ਪੰਜਾਬ ਦੇ 22 ਜ਼ਿਲਿਆਂ ਵਿੱਚ 2128 ਜਲ ਸਪਲਾਈ ਸਕੀਮਾਂ ਗ੍ਰਾਮ ਪੰਚਾਇਤ ਜਲ ਸਪਲਾਈ ਕਮੇਟੀਆਂ ਵੱਲੋਂ ਵਧੀਆ ਤਰੀਕੇ ਨਾਲ ਚਲਾਈਆਂ ਜਾ ਰਹੀਆਂ ਹਨ। ਇਸ ਪ੍ਰੋਜੈਕਟ ਦੀ ਉਸਾਰੀ ਤੋਂ ਬਾਅਦ ਜਿਨ੍ਹਾਂ ਪਿੰਡਾਂ ਵਿੱਚ ਪਾਣੀ ਦੀ ਸਪਲਾਈ ਘੱਟ ਸੀ (ਪੀ ਸੀ ਪਿੰਡ) ਦੇ 436617 ਘਰਾਂ ਵਿਚ ਹੁਣ ਤੱਕ 254445 ਕੁਨੈਕਸ਼ਨ ਦਿੱਤੇ ਜਾ ਚੁੱਕੇ ਹਨ ਜੋ ਕਿ **16.45 ਤੋਂ ਵੱਧ ਕੇ 58.27%** ਹੋ ਚੁੱਕੇ ਹਨ। ਜਿਨ੍ਹਾਂ ਪਿੰਡਾਂ ਵਿੱਚ ਪਾਣੀ ਦੀ ਸਪਲਾਈ ਨਹੀਂ ਸੀ (ਐਨ ਸੀ ਪਿੰਡ) ਦੇ 220639 ਘਰਾਂ ਵਿੱਚ ਹੁਣ ਤੱਕ 128774 ਪ੍ਰਾਈਵੇਟ ਕੁਨੈਕਸ਼ਨ ਦਿੱਤੇ ਜਾ ਚੁੱਕੇ ਹਨ ਜੋ ਕਿ 58.36 ਹੋ ਚੁੱਕੇ ਹਨ। ਇਹਨਾਂ ਘਰਾਂ ਵਿੱਚ ਹੁਣ 70 ਲੀਟਰ ਪ੍ਰਤੀ ਜੀਅ ਪ੍ਰਤੀ ਦਿਨ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਦਸੰਬਰ 2014 ਤੱਕ ਵਿਸ਼ਵ ਬੈਂਕ ਦੇ ਇਸ ਪ੍ਰੋਜੈਕਟ ਹੇਠ 4068 ਪਿੰਡ ਸ਼ੁੱਧ ਜਲ ਸਪਲਾਈ ਸਕੀਮਾਂ ਦਾ ਲਾਭ ਉਠਾ ਸਕਣਗੇ।

## ਪੰਜਾਬ ਦੇ 98 ਪਿੰਡਾਂ ਵਿੱਚ ਸੀਵਰੇਜ ਸਕੀਮਾਂ ਨੂੰ ਸਫਲ ਬਣਾਉਣਾ-ਇਕ ਹੰਭਲਾ

ਸਾਰੇ ਪ੍ਰਾਂਤ ਵਿੱਚ ਕੁੱਲ 98 ਸੀਵਰੇਜ ਸਕੀਮਾਂ ਦਾ ਕੰਮ ਪ੍ਰੋਜੈਕਟ ਅਧੀਨ ਪਾਇਲਟ ਬੇਸ ਤੇ ਕੀਤਾ ਜਾ ਰਿਹਾ ਹੈ, ਜਿਹਨਾਂ ਵਿੱਚ 5 ਸਕੀਮਾਂ ਜਿਵੇਂਕਿ ਪਿੰਡ ਢਾਵਾ ਜ਼ਿਲ੍ਹਾ ਗੁਰਦਾਸਪੁਰ, ਪਿੰਡ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ, ਪਿੰਡ ਖਡੂਰ ਸਾਹਿਬ, ਪਿੰਡ ਚੋਲਾ ਸਾਹਿਬ, ਪਿੰਡ ਗੋਇੰਦਵਾਲ ਸਾਹਿਬ ਜ਼ਿਲ੍ਹਾ ਤਰਨ ਤਾਰਨ ਦਾ ਕੰਮ ਪੂਰਾ ਹੋ ਚੁੱਕਾ ਹੈ ਤੇ ਪਿੰਡ ਦੀਆਂ ਕਮੇਟੀਆਂ ਵਲੋਂ ਠੀਕ ਢੰਗ ਨਾਲ ਦੇਖਰੇਖ ਕੀਤੀ ਜਾ ਰਹੀ ਹੈ। ਸੀਵਰੇਜ ਸਕੀਮਾਂ ਦਾ ਕੰਮ ਜੀ. ਪੀ. ਡਬਲਯੂ ਐਸ਼. ਸੀ. ਦੀ ਵਜਾਏ ਵਿਭਾਗ ਵਲੋਂ ਕਰਵਾਇਆ ਜਾ ਰਿਹਾ ਹੈ। ਹਰੇਕ ਸੀਵਰੇਜ ਸਕੀਮ ਤੇ ਉਸੇ ਪਿੰਡ ਦਾ ਇੱਕ ਘੱਟੋ ਘੱਟ ਦਸਵੀਂ ਪਾਸ ਸਿਆਣਾ ਵਿਅਕਤੀ (ਰਿਸੋਰਸ ਪਰਸਨ) ਨੂੰ ਮੌਕੇ ਤੇ ਕੀਤੇ ਜਾ ਰਹੇ ਕੰਮ ਦੀ ਦੇਖ ਰੇਖ ਲਈ ਲਗਾਇਆ ਗਿਆ। ਜਿਸ ਨੂੰ ਸਰਕਾਰ ਵਲੋਂ 7500/- ਰੁਪਏ ਪ੍ਰਤੀ ਮਹੀਨਾ ਅਦਾਇਗੀ ਕੀਤੀ ਜਾਵੇਗੀ। ਕਿਉਂਕਿ ਫੀਲਡ ਵਲੋਂ ਜ਼ਿਆਦਾਤਰ ਜਲ ਸਪਲਾਈ ਸਕੀਮਾਂ ਦਾ ਹੀ ਕੰਮ ਕਰਵਾਇਆ ਜਾਂਦਾ ਹੈ, ਇਸ ਲਈ ਸੀਵਰੇਜ ਸਕੀਮਾਂ ਦਾ ਕੰਮ ਕਰਵਾਉਣਾ ਜ਼ਿਆਦਾ ਤਕਨੀਕੀ ਹੋਣ ਕਾਰਨ ਐਸ. ਪੀ. ਐਮ. ਸੀ. ਮੁਹਾਲੀ ਵਲੋਂ ਫੀਲਡ ਵਿੱਚ ਕੰਮ ਕਰ ਰਹੇ ਕਾਰਜਕਾਰੀ ਇੰਜੀਨੀਅਰ ਡੀ. ਪੀ. ਐਮ. ਸੀ., ਐਚ. ਆਰ. ਡੀ., ਆਈ ਈ. ਸੀ. ਅਤੇ ਐਸ਼. ਡੀ. ਈ., ਡੀ. ਪੀ. ਐਮ. ਸੀ. ਦੀਆਂ 11/2/2014 ਤੇ 12/2/2014 ਨੂੰ ਟ੍ਰੇਨਿੰਗ ਸ਼ੈਸ਼ਨ ਕਰਵਾਏ ਗਏ। ਇਸੇ ਤਰ੍ਹਾਂ ਫੀਲਡ ਇੰਚਾਰਜ ਐਸ. ਡੀ. ਈ., ਜੇ. ਈ. ਅਤੇ ਰਿਸੋਰਸ ਪਰਸਨਜ਼ ਵਲੋਂ ਕੰਮਾਂ ਨੂੰ ਸਹੀ ਤਰੀਕੇ ਨਾਲ ਪੂਰ ਚੜ੍ਹਾਉਣ ਲਈ ਮਿਤੀ 24/2/2014 ਅਤੇ 25/2/2014 ਨੂੰ ਟ੍ਰੇਨਿੰਗ ਸ਼ੈਸ਼ਨ ਕਰਵਾਏ ਗਏ। ਇਸੇ ਤਰ੍ਹਾਂ ਫਿਰ ਫੀਲਡ ਵਿਚ ਕੰਮ ਕਰਵਾਉਂਦੇ ਡੀ. ਪੀ. ਐਮ. ਸੀ. ਦੇ ਕਾਰਜਕਾਰੀ ਇੰਜਨੀਅਰ ਤੇ ਬਾਕੀ ਰਹਿੰਦੇ ਸਟਾਫ ਨੂੰ ਵੀ 12/03/2014 ਤੇ 13/03/2014 ਨੂੰ ਟ੍ਰੇਨਿੰਗ ਕਰਵਾਈ ਗਈ। ਇਹਨਾਂ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਸੀਵਰੇਜ ਸਕੀਮਾਂ ਸਬੰਧੀ ਮੌਕੇ ਤੇ ਕਰਵਾਏ ਜਾਣ ਵਾਲੇ ਕੰਮਾਂ ਵਿੱਚ ਆਮ ਹੋਣ ਵਾਲੀਆਂ ਤਕਨੀਕੀ ਗਲਤੀਆਂ ਤੋਂ ਬਚਣ ਲਈ ਅਤੇ ਸਕੀਮਾਂ ਸਬੰਧੀ ਪਿੰਡ ਵਾਸੀਆਂ ਦੀ ਆਈ. ਈ. ਸੀ. ਗਤੀਵਿਧੀਆਂ ਬਾਰੇ ਕਿਹੜੀਆਂ ਕਿਹੜੀਆਂ ਜਾਣਕਾਰੀਆਂ ਦਿੱਤੀਆਂ ਜਾਣੀਆਂ ਹਨ ਜਾਂ ਵਰਤੀਆਂ ਜਾਣੀਆਂ ਹਨ, ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਸੀਵਰੇਜ ਸਕੀਮਾਂ ਦੀ ਉਸਾਰੀ ਤੋਂ ਬਾਅਦ ਦੇ ਵਾਤਾਵਰਣ ਮੁੱਦਿਆਂ ਨੂੰ ਹੱਲ ਕਰਨ ਲਈ ਸੁਝਾਵਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ।





## ਪੇਂਡੂ ਜਲ ਸਪਲਾਈ ਕਮੇਟੀਆਂ ਰਾਜ ਪੱਧਰ ਤੇ ਸਨਮਾਨਤ 3 ਨੂੰ ਰਾਜ ਪੱਧਰ ਅਤੇ 26 ਨੂੰ ਜ਼ਿਲ੍ਹਾ ਪੱਧਰ ਦੇ ਇਨਾਮ ਮਿਲੇ

**ਚੰਡੀਗੜ੍ਹ:** ਜਲ ਸਪਲਾਈ ਵਿਭਾਗ ਪੰਜਾਬ ਵੱਲੋਂ ਪੰਚਾਇਤਾਂ ਅਤੇ ਜਲ ਸਪਲਾਈ ਕਮੇਟੀਆਂ ਨੂੰ ਸਨਮਾਨਿਤ ਕਰਨ ਲਈ ਇਕ ਰਾਜ ਪੱਧਰੀ ਸਮਾਰੋਹ ਲਾਅ ਭਵਨ ਚੰਡੀਗੜ੍ਹ ਵਿਖੇ ਬੀਤੇ ਦਿਨ 20/02/2014 ਨੂੰ ਕੀਤਾ ਗਿਆ। ਚੁਣੀਆਂ ਗਈਆਂ ਕਮੇਟੀਆਂ ਨੂੰ ਪੰਜਾਬ ਦੇ ਮੁੱਖ ਸੰਸਦੀ ਸਕੱਤਰ ਸ. ਵਿਰਸਾ ਸਿੰਘ ਵਲਟੋਹਾ ਵੱਲੋਂ ਇਨਾਮ ਵੰਡੇ ਗਏ। ਵਿਸ਼ਵ ਬੈਂਕ ਦੀ ਵਿੱਤੀ ਸਹਾਇਤਾ ਨਾਲ ਚਲਾਏ ਜਾ ਰਹੇ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰੋਜੈਕਟ ਅਧੀਨ ਪਿੰਡ ਪੱਧਰ ਤੇ ਜਲ ਸਪਲਾਈ ਸਕੀਮਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ 3 ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀਆਂ ਨੂੰ ਰਾਜ ਪੱਧਰੀ ਪੁਰਸਕਾਰ ਜਿਨ੍ਹਾਂ ਵਿੱਚ ਪਹਿਲੇ ਸਥਾਨ ਤੇ ਪਿੰਡ ਕਰੀਰਵਾਲੀ ਜ਼ਿਲ੍ਹਾ ਫਰੀਦਕੋਟ, ਦੂਜੇ ਸਥਾਨ ਤੇ ਪੱਕਾ ਖੁਰਦ ਜ਼ਿਲਾ ਬਠਿੰਡਾ ਤੇ ਤੀਜੇ ਸਥਾਨ ਤੇ ਢੰਡੋਵਾਲ ਜ਼ਿਲ੍ਹਾ ਜਲੰਧਰ ਨੂੰ ਇਨਾਮ ਦਿੱਤੇ ਗਏ। ਇਸੀ ਤਰ੍ਹਾਂ ਜ਼ਿਲ੍ਹਾ ਪੱਧਰ ਤੇ ਦੋ ਕਮੇਟੀਆਂ ਨੂੰ ਪਹਿਲੇ ਅਤੇ ਦੂਜੇ ਸਥਾਨ ਲਈ ਕੁੱਲ 26 ਇਨਾਮ ਦਿੱਤੇ ਗਏ ਜਿਨ੍ਹਾਂ ਵਿਚੋਂ ਪਹਿਲੇ ਸਥਾਨ ਤੇ ਪਿੰਡ ਚਹਿਲ ਖੁਰਦ ਜ਼ਿਲ੍ਹਾ ਐਸ਼ ਬੀ ਐਸ਼ ਨਗਰ, ਪਿੰਡ ਮਜਾਰਾ ਜ਼ਿਲ੍ਹਾ ਲੁਧਿਆਣਾ, ਪਿੰਡ ਮੱਲਾਹ ਜ਼ਿਲ੍ਹਾ ਫਰੀਦਕੋਟ, ਪਿੰਡ ਕਟਲੀ ਜ਼ਿਲਾ ਰੋਪੜ, ਪਿੰਡ ਕੁਲਾਰਾਂ ਜ਼ਿਲ੍ਹਾ ਪਟਿਆਲਾ, ਪਿੰਡ ਸਹਾਬੁਦੀਨ ਜ਼ਿਲ੍ਹਾ ਹੁਸ਼ਿਆਰਪੁਰ, ਪਿੰਡ ਹਰਾਰ ਖੁਰਦ ਜ਼ਿਲ੍ਹਾ ਅੰਮ੍ਰਿਤਸਰ, ਪਿੰਡ ਮਹਿਮਾ ਸਵਾਈ ਜ਼ਿਲ੍ਹਾ ਬਠਿੰਡਾ, ਪਿੰਡ ਭਖਰੀਆਨਾ ਜ਼ਿਲ੍ਹਾ ਕਪੂਰਥਲਾ, ਪਿੰਡ ਦਾਊਂ ਮਾਜਰਾ ਜ਼ਿਲਾ ਐਸ਼ ਏ ਐਸ਼ ਨਗਰ, ਪਿੰਡ ਬੁਰਜ ਢਿਲਵਾਂ ਜ਼ਿਲ੍ਹਾ ਮਾਨਸਾ, ਪਿੰਡ ਨੂਰਪੁਰ ਹਕੀਮਾ ਜ਼ਿਲ੍ਹਾ ਮੋਗਾ, ਪਿੰਡ ਛਿਛਰੇਵਾਲ ਜ਼ਿਲ੍ਹਾ ਤਰਨ ਤਾਰਨ, ਪਿੰਡ ਨੂਸੀ ਜ਼ਿਲ੍ਹਾ ਜਲੰਧਰ, ਪਿੰਡ ਮੁੰਸ਼ੀਵਾਲਾ ਜ਼ਿਲਾ ਸੰਗਰੂਰ ਅਤੇ ਦੂਜੇ ਸਥਾਨ ਲਈ ਪਿੰਡ ਚੱਕਮਾਈ ਦਾਸ ਜ਼ਿਲਾ ਐਸ਼ ਬੀ ਐਸ਼ ਨਗਰ,



ਪਿੰਡ ਮਰੌਲੀ ਜ਼ਿਲ੍ਹਾ ਰੋਪੜ, ਪਿੰਡ ਰਾਮਪੁਰ ਕਲਾਂ ਜ਼ਿਲ੍ਹਾ ਪਟਿਆਲਾ, ਪਿੰਡ ਖਾਨਪੁਰ ਥਿਆਰਾ ਜ਼ਿਲ੍ਹਾ ਹੁਸ਼ਿਆਰਪੁਰ, ਪਿੰਡ ਕਾਹਨਪੁਰ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪਿੰਡ ਦਿਆਲਪੁਰ ਜ਼ਿਲ੍ਹਾ ਕਪੂਰਥਲਾ, ਪਿੰਡ ਖੂਨੀਮਾਜਰਾ ਜ਼ਿਲ੍ਹਾ ਐਸ਼ ਏ ਐਸ਼ ਨਗਰ, ਪਿੰਡ ਜੋਈਆਂ ਜ਼ਿਲ੍ਹਾ ਮਾਨਸਾ, ਪਿੰਡ ਸ਼ੇਖਾ ਖੁਰਦ ਜ਼ਿਲ੍ਹਾ ਮੋਗਾ, ਪਿੰਡ ਪੰਡੋਰੀ ਰਹਿਮਾਨਾ ਜ਼ਿਲ੍ਹਾ ਤਰਨ ਤਾਰਨ, ਅਤੇ ਪਿੰਡ ਜੈਤੇਵਾਲੀ ਜ਼ਿਲ੍ਹਾ ਜਲੰਧਰ ਨੂੰ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਇਹਨਾਂ ਪਿੰਡਾਂ ਤੋਂ ਇਲਾਵਾ ਸਾਰੇ ਜ਼ਿਲਿਆਂ ਵਿੱਚੋਂ ਦੋ ਦੋ ਹੋਰ ਪਿੰਡਾਂ ਦੇ ਕਮੇਟੀ ਮੈਂਬਰਾਂ ਨੂੰ ਵੀ ਬੁਲਾਇਆ ਗਿਆ, ਜਿਨ੍ਹਾਂ ਦਾ ਕੰਮ ਤਸੱਲੀਬਖਸ਼ ਨਹੀਂ ਸੀ ਤਾਂ ਜੋ ਉਹ ਵੀ ਇਨਾਮ ਪ੍ਰਾਪਤ ਕਰਨ ਵਾਲੀਆਂ ਕਮੇਟੀਆਂ ਦੀ ਚੰਗੀ ਕਾਰਜਗੁਜਾਰੀ ਦੇਖ ਕੇ ਅੱਗੇ ਆਉਣ ਲਈ ਉਤਸ਼ਾਹਿਤ ਹੋਣ।

# ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਲੋਂ "ਬਾਲੜੀ ਦਿਵਸ" ਮਨਾਇਆ ਗਿਆ

ਭਾਰਤ ਸਰਕਾਰ ਵਲੋਂ 24 ਤੋਂ 30 ਜਨਵਰੀ, 2014 ਤੱਕ ਬਾਲੜੀ ਦਿਵਸ ਮਨਾਉਣ ਲਈ ਸੱਦਾ ਦਿੱਤਾ ਗਿਆ। ਪੰਜਾਬ ਦੇ ਸਾਰੇ ਜ਼ਿਲਿਆਂ ਵਿਚ ਮਹਿਕਮੇ ਦੇ ਅਫਸਰਾਂ ਵਲੋਂ ਪਿੰਡਾਂ ਦੇ ਸਕੂਲਾਂ, ਗੁਰਦਵਾਰਿਆਂ, ਪੰਚਾਇਤ ਘਰਾਂ ਵਿੱਚ ਪਿੰਡ ਵਾਸੀਆਂ ਨਾਲ ਮਿਲਕੇ ਬਾਲੜੀ ਦਿਵਸ ਮਨਾਇਆ ਗਿਆ।




ਕਿਉਂਕਿ ਜਲ ਸਪਲਾਈ ਤੇ ਸੈਨੀਟੇਸ਼ਨ ਪ੍ਰੋਜੈਕਟ ਅਤੇ ਲੜਕੀਆਂ/ਔਰਤਾਂ ਦਾ ਸਬੰਧ ਸਿੱਧੇ ਤੌਰ ਤੇ ਸਿਹਤ ਅਤੇ ਸਾਫ਼ ਸਫ਼ਾਈ ਨਾਲ ਹੈ ਇਸ ਲਈ "ਬਾਲੜੀ ਦਿਵਸ" ਨੂੰ ਉਨ੍ਹਾਂ ਵਲੋਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋ ਕੇ ਉਤਸ਼ਾਹ ਨਾਲ ਮਨਾਇਆ ਗਿਆ। ਭਾਰਤ ਵਿਚ ਔਰਤਾਂ ਦਾ ਸਮਾਜ ਵਿਚ ਸਿੱਧਾ ਹਸਤਖ਼ਸ਼ੇਪ ਹੋਣ ਦੇ ਬਾਵਜੂਦ ਵੀ ਸਮਾਜਿਕ ਰੁਕਾਵਟਾਂ ਹਨ। ਭਾਰਤ ਵਿੱਚ ਸਮਾਜਿਕ ਬਦਲਾਓ ਲਿਆਉਣ ਲਈ ਔਰਤ ਵਲੋਂ ਅੱਗੇ ਲਗ ਕੇ ਉੱਨਤ ਸਿਖਰਾਂ ਛੂਹਣ ਦਾ ਕੰਮ ਕੀਤਾ ਜਾ ਰਿਹਾ ਹੈ। ਪਰ ਦੁੱਖ ਦੀ ਗੱਲ ਹੈ ਕਿ ਇਹਨਾਂ ਵਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਸਮਾਜ ਵੱਲੋਂ ਅਖੋਂ ਪਰੋਖਿਆ ਕੀਤਾ ਜਾ ਰਿਹਾ ਹੈ।

ਉਕਤ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤੇ ਪੇਂਡੂ ਔਰਤਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਦੇ 22 ਜ਼ਿਲਿਆਂ ਵਿੱਚ ਬਾਲੜੀ ਦਿਵਸ ਮਨਾਏ ਗਏ। ਵੱਖ ਵੱਖ ਪਿੰਡਾਂ ਵਿੱਚ ਲਿੰਗ ਪੱਖਪਾਤ ਮੁਦਿਆਂ ਨੂੰ ਉਲੀਕਣ ਲਈ ਸਿਹਤ ਅਤੇ ਨਾਰੀ ਸਵੱਛਤਾ ਲਈ ਪੇਂਡੂ ਲੋਕਾਂ ਨੂੰ ਜਾਗਰੁਕ ਕਰਵਾਇਆ ਗਿਆ। ਇਕੱਤਰਤ ਹੋਈਆਂ ਔਰਤਾਂ ਨੂੰ ਬੀਮਾਰੀਆਂ ਦੇ ਫੈਲਾਉਣ ਦਾ ਮੁੱਖ ਕਾਰਨ ਸਾਫ ਸਫਾਈ ਵੱਲ ਧਿਆਨ ਨਾ ਦੇਣਾ, ਖੁੱਲੇ ਵਿੱਚ ਸ਼ੌਚ ਕਰਨਾ ਅਤੇ ਪਖਾਨਿਆਂ ਆਦਿ ਦੀ ਸੁਵਿਧਾ ਨਾ ਹੋਣਾ ਦੱਸਿਆ ਗਿਆ। ਪਿੰਡਾਂ ਨੂੰ ਖੁੱਲੇ ਵਿਚ ਸ਼ੌਚ ਕਰਨ ਤੋਂ ਅਜ਼ਾਦ ਕਰਵਾਉਣਾ, ਲੋਕਾਂ ਨੂੰ ਸਿਹਤ ਸਬੰਧੀ ਜਾਗਰੁਕ ਕਰਵਾਉਣਾ ਪੂਰੇ ਦੇਸ਼ ਨੂੰ ਨਿਰਮਲ ਭਾਰਤ ਅਭਿਆਨ ਬਨਾਉਣ ਵਿਚ ਸਹਾਈ ਹੋਵੇਗਾ।

ਪੂਰੇ ਪ੍ਰਾਂਤ ਵਿਚ ਲਿੰਗ ਅਨੁਪਾਤ ਜੋ 895:1000 ਹੈ ਤੇ ਕਾਬੂ ਪਾਉਣ ਲਈ ਲਿੰਗ ਪਖਪਾਤ ਮੁਦਿਆਂ ਤੇ ਚਾਨਣ ਪਾਇਆ ਗਿਆ। ਇਸ ਲਿੰਗ ਅਨੁਪਾਤ ਦੇ ਸੁਧਾਰ ਲਈ ਸਮਾਜ ਨੂੰ ਜਨਮ ਦੇਣ ਵਾਲੀਆਂ ਲੜਕੀਆਂ ਦੀ ਸਿਹਤ, ਪੜ੍ਹਾਈ ਵੱਲ ਖਾਸ ਧਿਆਨ ਦੇਣ ਲਈ ਜ਼ੋਰ ਦਿੱਤਾ ਗਿਆ ਤਾਂ ਜੋ ਸਮਾਜ ਵਿੱਚ ਲੜਕੀਆਂ ਅਗੇ ਵਧ ਸਕਣ ਤੇ ਦੇਸ਼ ਦੇ ਨਿਮਾਣ ਵਿਚ ਯੋਗ ਹਿੱਸਾ ਪਾ ਸਕਣ। ਪੇਂਡੂ ਲੋਕਾਂ ਲਈ ਪੀਣ



ਵਾਲਾ ਪਾਣੀ ਅਤੇ ਸਵੱਛਤਾ ਅਭਿਆਨ ਸਾਰੇ ਸਮਾਜ ਦੇ ਇਕ ਅਹਿਮ ਹਿੱਸੇ ਨੂੰ ਜਿਵੇਂਕਿ ਲੜਕੀ ਜਾਂ ਔਰਤ ਦਾ ਵਿਕਾਸ, ਸਮਾਜਿਕ ਸੁਧਾਰਾਂ ਨੂੰ ਅੱਗੇ ਲੈ ਕੇ ਜਾਣ ਵਿਚ ਅਹਿਮ ਭੂਮਿਕਾ ਨਿਭਾਏਗਾ।

# ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਲੋਂ ਇੱਕ ਹੋਰ ਪ੍ਰੋਜੈਕਟ ਦੀ ਤਿਆਰੀ

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦਾ ਪਹਿਲਾ ਪ੍ਰੋਜੈਕਟ ਸਾਲ 2006 ਵਿੱਚ ਵਿਸ਼ਵ ਬੈਂਕ ਵੱਲੋਂ ਮਨਜੂਰ ਕੀਤਾ ਗਿਆ ਸੀ। ਜਿਸ ਵਿੱਚ 3061 ਪਿੰਡਾ ਵਿੱਚ ਪੀਣ ਵਾਲੇ ਪਾਣੀ ਦਾ ਸਪਲਾਈ ਲੈਵਲ 40 ਲੀਟਰ ਤੋਂ ਵਧਾ ਕੇ 70 ਲੀਟਰ ਪ੍ਰਤੀ ਵਿਅਕਤੀ ਕਰਨਾ ਅਤੇ 100 ਪਿੰਡਾ ਵਿੱਚ ਸੀਵਰ ਪਾਉਂਣ ਲਈ 1280 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਸੀ। ਇਹ ਪ੍ਰੋਜੈਕਟ ਦਸੰਬਰ 2014 ਵਿੱਚ ਪੂਰਾ ਹੋ ਜਾਵੇਗਾ।

ਹੁਣ ਮਹਿਕਮਾ ਜਲ ਸਪਲਾਈ ਅਤੇ ਸੈਨੀਟੇਸ਼ਨ ਵਲੋਂ 908 ਪਿੰਡਾਂ ਵਿਚ ਜਲ ਸਪਲਾਈ ਦੇ ਲੈਵਲ ਵਿਚ ਵਾਧਾ ਕਰਨ, 800 ਹੋਰ ਪਿੰਡਾਂ ਵਿਚ ਸੀਵਰੇਜ ਪਾਉਣ ਅਤੇ 250 ਪਿੰਡਾਂ ਵਿੱਚ ਭਾਰੀ ਧਾਤੂ ਤੇ ਯੂਰੇਨੀਅਮ ਨਾਲ ਹੋਣ ਵਾਲੇ ਮੈਲਾਪਣ ਨੂੰ ਦੂਰ ਕਰਨ ਲਈ ਇਕ 2200 ਕਰੋੜ ਰੁਪਏ ਦੇ ਦੂਸਰੇ ਪ੍ਰੋਜੈਕਟ ਲਈ ਵਿਸ਼ਵ ਬੈਂਕ ਵੱਲੋਂ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਤਿਆਰ ਕਰਨ ਦੀ ਪੇਸ਼ਕਸ਼ 20/3/2014 ਨੂੰ ਕੀਤੀ ਜਾ ਚੁੱਕੀ ਹੈ। ਇਸ ਪ੍ਰੋਜੈਕਟ ਅਧੀਨ ਹੇਠ ਅਨੁਸਾਰ ਵੱਖ ਵੱਖ ਕੰਮਾਂ ਲਈ ਵਿਵਸਥਾ ਕੀਤੀ ਗਈ ਹੈ:-

- 908 ਪਿੰਡਾਂ ਵਿੱਚ ਇਸ ਪ੍ਰੋਜੈਕਟ ਦੇ ਤਹਿਤ ਸਰਵਿਸ ਲੈਵਲ 40 lpcd ਤੋਂ 70 lpcd (ਸੇਮ ਇਲਾਕੇ ਵਿੱਚ ਪੈਂਦੇ 108 ਪਿੰਡਾਂ ਸਹਿਤ) ਵਧਾਉਣ ਦਾ ਪ੍ਰਸਤਾਵ ਹੈ।
- 37.50 ਲੱਖ ਰੁਪਏ ਪ੍ਰਤੀ ਪਿੰਡ ਦੀ ਲਾਗਤ ਨਾਲ 800 ਪਿੰਡ ਕਵਰ ਕੀਤੇ ਜਾ ਰਹੇ ਹਨ। ਜਿਸ ਦੀ ਲਾਗਤ 300 ਕਰੋੜ ਰੁਪਏ ਹੋਵੇਗੀ।
- ਸੇਮ ਵਾਲੇ 108 ਪਿੰਡਾਂ ਨੂੰ ਕਵਰ ਕਰਨ ਲਈ ਪ੍ਰਤੀ ਪਿੰਡ 1.62 ਕਰੋੜ ਰੁਪਏ ਦੀ ਲਾਗਤ ਨਾਲ 175 ਕਰੋੜ ਰੁਪਏ ਖਰਚ ਕੀਤੇ ਜਾਣਗੇ।
- 1000 FC ਪਿੰਡਾਂ ਵਿੱਚ ਯੋਗ ਕੰਮ / ਸੇਵਾ ਸੁਧਾਰ ਪ੍ਰਤੀ ਪਿੰਡ 12.50 ਲੱਖ ਰੁਪਏ ਦੀ ਲਾਗਤ ਨਾਲ 125 ਕਰੋੜ ਰੁਪਏ ਲਗਾਇਆ ਜਾਵੇਗਾ।
- 250 ਪਿੰਡਾਂ ਵਿੱਚ ਭਾਰੀ ਧਾਤੂ ਦਾ ਮੈਲਾਪਣ ਦੂਰ ਕਰਨ ਲਈ ਪ੍ਰਤੀ ਪਿੰਡ 20 ਲੱਖ ਰੁਪਏ ਦੀ ਲਾਗਤ ਨਾਲ 50 ਕਰੋੜ ਰੁਪਏ ਖਰਚ ਕੀਤਾ ਜਾਵੇਗਾ।
- 800 ਪਿੰਡਾਂ ਵਿੱਚ ਸਮਾਲ ਬੋਰ ਸੀਵਰੇਜ ਸਿਸਟਮ ਲਈ 1.625 ਕਰੋੜ ਰੁਪਏ ਪ੍ਰਤੀ ਪਿੰਡ ਦੀ ਲਾਗਤ ਨਾਲ 1300 ਕਰੋੜ ਰੁਪਏ ਖਰਚ ਕੀਤੇ ਜਾਣਗੇ।
- 2958 ਪਿੰਡਾਂ ਵਿੱਚ ਪ੍ਰੋਜੈਕਟ ਮੈਨੇਜਮੈਂਟ, ਆਈ ਈ ਸੀ ਕਪੈਸਟੀ ਬਿਲਡਿੰਗ ਅਤੇ ਇੰਜੀਨਿਅਰਿੰਗ ਸਹਾਇਤਾ ਲਈ ਪ੍ਰਤੀ ਪਿੰਡ 8.45 ਲੱਖ ਰੁਪਏ ਦੀ ਲਾਗਤ ਨਾਲ 250 ਕਰੋੜ ਰੁਪਏ ਖਰਚ ਕੀਤੇ ਜਾਣਗੇ।

# ਮਹਿਲਾ ਸਹਿਸਤਰੀਕਰਨ ਦੀ ਵਿਲਖਣ ਉਦਾਹਰਣ

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਲੋਂ ਮਹਿਲਾ ਸਹਿਸਤਰੀਕਰਨ ਅਧੀਨ ਆਪਣੇ ਅਧੀਨ ਚੱਲ ਰਹੀਆਂ ਜਲ ਸਪਲਾਈ ਤੇ ਸੈਨੀਟੇਸ਼ਨ ਸਕੀਮਾਂ ਨੂੰ ਚਲਾਉਣ ਅਤੇ ਦੇਖ ਰੇਖ ਲਈ ਔਰਤਾਂ ਨੂੰ ਕੰਮ ਸੌਂਪਿਆ ਗਿਆ ਹੈ। ਸਮਾਜ ਵਿੱਚ ਔਰਤ ਇੱਕ ਅਜਿਹਾ ਤਾਕਤਵਰ ਮੈਂਬਰ ਹੈ ਜਿਸ ਨੇ ਇੱਕ ਮਾਂ, ਇੱਕ ਭੈਣ ਤੇ ਇੱਕ ਗ੍ਰਹਿਣੀ ਦਾ ਰੋਲ ਨਿਭਾਉਣ ਦੇ ਨਾਲ ਨਾਲ ਸਮਾਜ ਨੂੰ ਸੇਧ ਦੇਣ ਵਿਚ ਵੀ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਜਦਕਿ ਸਮਾਜ ਵਲੋਂ ਅੱਜ ਤੱਕ ਵੀ ਇਸ ਮਹੱਤਵਪੂਰਨ ਇਨਸਾਨ ਦੀ ਸਮੁੱਚੇ ਸਮਾਜ ਦੀ ਸਿਰਜਨਾ ਵਿੱਚ ਕੋਈ ਖਾਸ ਥਾਂ ਨਹੀਂ ਦਿੱਤੀ ਗਈ।

ਹੁਣ ਸਮਾਂ ਆ ਚੁੱਕਾ ਹੈ ਕਿ ਔਰਤਾਂ ਕਿਸੇ ਵੀ ਪੱਧਰ ਤੇ ਕਿਸੇ ਤੋਂ ਵੀ ਘੱਟ ਨਹੀਂ ਹੈ। ਦਫਤਰਾਂ, ਫੈਕਟਰੀਆਂ, ਉਸਾਰੀ ਦੇ ਕੰਮਾਂ ਦੇ ਨਾਲ ਨਾਲ ਔਰਤ ਨੇ ਹੁਣ ਵੱਧ ਚੜ ਕੇ ਵਾਟਰ ਸਪਲਾਈ ਸਕੀਮਾਂ ਨੂੰ ਚਲਾਉਣ ਦਾ ਕੰਮ ਵੀ ਕਰਨਾ ਸ਼ੁਰੂ ਕੀਤਾ ਹੈ। ਇਸ ਦੀ ਮਿਸਾਲ ਸ਼੍ਰੀਮਤੀ ਸਰਵਜੀਤ ਕੌਰ, ਪਿੰਡ ਬੱਦੋਵਾਲ, ਵਲੋਂ ਆਪਣੇ ਵਾਟਰ ਵਰਕਸ ਨੂੰ ਆਪ ਚਲਾ ਕੇ ਦਿਤੀ ਹੈ। ਜਿਹੜੇ ਕੰਮ ਪਹਿਲਾਂ ਆਦਮੀਆਂ ਦੇ ਝੋਲੇ ਵਿਚ ਰਹਿੰਦੇ ਸੀ ਹੁਣ ਸਮੇਂ ਦੇ ਨਾਲ ਉਨ੍ਹਾਂ ਦਾ ਦਾਮਨ ਔਰਤਾਂ ਦੇ ਹੱਥ ਵਿਚ ਆ ਗਿਆ ਹੈ। ਇੱਕ ਇਹ ਹੀ ਨਹੀਂ ਹੋਰ ਵੀ ਤਿੰਨ ਚਾਰ ਔਰਤਾਂ ਵਲੋਂ ਜਲ ਸਪਲਾਈ ਦੀ ਸਕੀਮਾਂ ਚਲਾ ਕੇ ਆਪਣੀ ਹੋਂਦ ਦਾ ਪ੍ਰਗਟਾਵਾ ਕੀਤਾ ਹੈ।



# ਪਿੰਡਾ ਵਿੱਚ ਪੀਣ ਵਾਲੇ ਪਾਣੀ ਲਈ ਲੰਬੀ ਸੋਚ

## ਪੰਜਾਬ ਸਰਕਾਰ ਵਲੋਂ ਰਾਜ ਪੱਧਰੀ ਪੇਡੂ ਜਲ ਸਪਲਾਈ ਤੇ ਸੈਨੀਟੇਸ਼ਨ ਪਾਲਿਸੀ - 2014 ਨੂੰ ਮਨਜ਼ੂਰੀ

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ, ਪਿੰਡਾਂ ਵਿਚ ਪਾਣੀ ਦੇਣ ਦੀਆਂ ਸਕੀਮਾਂ ਨੂੰ ਬਨਾਉਣ ਅਤੇ ਇਸ ਦੇ ਰੱਖ ਰਖਾਵ ਦਾ ਕੰਮ ਦੇਖਦਾ ਹੈ। ਜਲ ਸਪਲਾਈ ਸਕੀਮਾਂ ਵਿਚੋਂ 80% ਨਲਖੂਹ ਤੇ ਆਧਾਰਿਤ ਅਤੇ 20%ਨਹਿਰੀ ਪਾਣੀ ਤੇ ਆਧਾਰਿਤ ਹਨ। ਤਾਜਾ ਸਥਿਤੀ ਅਨੁਸਾਰ ਸਾਫ਼ ਸੁਥਰਾ ਪਾਣੀ ਪੰਜਾਬ ਦੇ 80-85% ਪਿੰਡਾਂ ਨੂੰ ਉਪਲਬੱਧ ਹੋ ਚੁੱਕਾ ਹੈ। ਇਸੇ ਤਰ੍ਹਾਂ ਸਵੱਛਤਾ ਵਿਵਸਥਾ ਵੀ 70% ਪਿੰਡਾਂ ਨੂੰ ਹੀ ਦਿੱਤੀ ਗਈ ਹੈ।

ਇਸ ਤਰ੍ਹਾਂ ਸ਼ੁੱਧ ਪੀਣ ਵਾਲੇ ਪਾਣੀ ਦੀ ਵਿਵਸਥਾ ਵੀ ਸਿਹਤ, ਸਵੱਛਤਾ ਅਤੇ ਸਰੀਰਕ ਸਫਾਈ ਤੇ ਖਾਣ ਪੀਣ ਦੀ ਸੁਰੱਖਿਆ ਦੇ ਨਾਲ ਨਾਲ ਬਹੁਤ ਜ਼ਰੂਰੀ ਹੈ। ਸਮੇਂ ਦੇ ਨਾਲ ਧਰਤੀ ਹੇਠਲੇ ਪਾਣੀ ਦੀ ਗੁਣਵੱਤਤਾ ਲੋਕਾਂ ਵਲੋਂ ਲਗਾਏ ਜਾ ਰਹੇ ਨਲਖੂਹਾਂ ਕਾਰਨ ਖਰਾਬ ਹੋ ਰਹੀ ਹੈ। ਜਿਸ ਨਾਲ ਪੀਣ ਵਾਲੇ ਪਾਣੀ ਦੀ ਮਾਤਰਾ ਦਿਨ ਪ੍ਰਤੀ ਦਿਨ ਘੱਟ ਰਹੀ ਹੈ। ਪੰਜਾਬ ਵਿਚ ਇਹਨਾਂ ਕੰਮਾਂ ਨੂੰ ਸਹੀ ਤਰੀਕੇ ਨਾਲ ਨਿਯੰਤਰਨ ਕਰਨਾ ਜਿਸ ਵਿਚ ਪਲਾਨਿੰਗ ਬਨਾਉਣਾ ਤੇ ਰੱਖ ਰਖਾਵ ਵਿਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਅਲਗ ਅਲਗ ਸਰੋਤਾਂ ਤੋਂ ਮਿਲਦੇ ਫੰਡਾਂ ਨਾਲ ਤਰਕਯੁਕਤ ਪਾਲਿਸੀ ਤੇ ਕਾਨੂੰਨਾਂ ਨੂੰ ਲਾਗੂ ਕਰਨਾ ਮੁਸ਼ਕਿਲ ਹੋ ਗਿਆ। ਸਕੀਮਾਂ ਦਾ ਪਿੰਡ ਕਮੇਟੀਆਂ ਨੂੰ ਸੌਂਪਣਾ ਤੇ ਨਵੀਂ ਭਰਤੀ ਨਾ ਹੋਣਾ ਆਦਿ ਅਤੇ ਸਕੀਮਾਂ ਦੀ ਯੋਗਤਾ ਨੂੰ ਚੈਕ ਕਰਨਾ ਮੁਸ਼ਕਿਲ ਹੋ ਗਿਆ। ਮਹਿਕਮੇ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਤੇ ਵਿਤੀ ਰਿਕਵਰੀ ਬਹੁਤ ਘੱਟ ਸੀ। ਕਿਉਂਕਿ ਸਕੀਮਾਂ ਵਿੱਚ ਲੋਕਾਂ ਦੀ ਮੰਗ ਅਨੁਸਾਰ ਕੰਮ ਨਾ ਹੋਣਾ ਅਤੇ ਉਹਨਾਂ ਦੀ ਭਾਗੀਦਾਰੀ ਨਾ ਹੋਣਾ ਮੁੱਖ ਕਾਰਨ ਸੀ। ਉਕਤ ਪੱਖਾਂ ਨੂੰ ਧਿਆਨ ਵਿਚ ਰਖਦੇ ਹੋਏ ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਪਾਲਿਸੀ ਤਿਆਰ ਕਰਨ ਦੀ ਲੋੜ ਮਹਿਸੂਸ ਹੋਈ ਜੋ ਉਕਤ ਸਾਰੇ ਨੁਕਤਿਆਂ ਦੀ ਪੂਰਤੀ ਕਰ ਸਕੇ।

**ਮੰਤਵ:** ਸਾਰੇ ਘਰਾਂ ਵਿਚ ਪਾਈਪਾਂ ਰਾਹੀਂ ਪੀਣ ਵਾਲਾ ਪਾਣੀ ਦੇਣਾ, ਸਵੱਛਤਾ ਸਹੂਲਤਾਂ ਪ੍ਰਦਾਨ ਕਰਨਾ ਆਦਿ ਦੇ ਨਾਲ ਬਾਕੀ ਮੰਤਵ ਵੀ ਧਿਆਨ ਵਿਚ ਰੱਖੇ ਗਏ ਹਨ:

1 ਪੰਜਾਬ ਦੇ ਸਾਰੇ ਘਰਾਂ ਵਿਚ ਪਾਣੀ ਦੇਣਾ
2 ਸਾਰੇ ਘਰਾਂ ਵਿਚ ਸਵੱਛਤਾ ਸਹੂਲਤਾਂ ਪ੍ਰਦਾਨ ਕਰਨਾ
3 ਪਾਣੀ ਤੋਂ ਹੋਣ ਵਾਲੀ ਬਿਮਾਰੀ ਤੋਂ ਬਚਾਅ
4 ਜਲ ਸਪਲਾਈ ਸਕੀਮਾਂ ਦਾ ਟਿਕਾਓ ਹੋਣਾ
5 ਹਰ ਘਰ ਨੂੰ ਨਿਯਮਤ ਪਾਣੀ ਦੇਣਾ
6 ਚੰਗੀ ਸਿਹਤ ਲਈ ਵਾਤਾਵਰਨ ਨੂੰ ਨਿਯਮਤ ਕਰਨਾ
7 ਲੋਕਾਂ ਦੀ ਭਾਗੀਦਾਰੀ
8 ਤੇ ਲੋਕਾਂ ਦੀ ਸਕੀਮਾਂ ਨੂੰ ਚਲਾਉਣ ਲਈ ਖੁਦਮੁਖਤਿਆਰੀ ਹੋਣਾ ਆਦਿ।

**ਇਹ ਪਾਲਿਸੀ ਬਨਾਉਣ ਲਈ ਅਪਨਾਏ ਗਏ ਤਰੀਕੇ**

1 ਸਕੀਮ ਨੂੰ ਕਮੇਟੀਆਂ ਨੂੰ ਸੌਂਪਣਾ, ਲੋਕਾਂ ਦੀ ਭਾਗੀਦਾਰੀ ਨਿਸ਼ਚਿਤ ਕਰਨਾ, ਸਰਕਾਰ ਵਲੋਂ ਜਾਰੀ ਫੰਡਾਂ ਨੂੰ ਕਮੇਟੀਆਂ ਨੂੰ ਦੇਣਾ, ਟੈਂਡਰ ਪ੍ਰਣਾਲੀ ਨੂੰ ਪਾਰਦਰਸ਼ੀ ਬਨਾਉਣਾ (ਈ ਟੈਂਡਰਿੰਗ) ਕਮੇਟੀਆਂ ਨੂੰ ਸਕੀਮਾਂ ਬਨਾਉਣ ਲਈ ਤੇ ਰੱਖ ਰਖਾਵ ਲਈ ਤਕਨੀਕੀ ਸਹਾਇਤਾ ਦੇਣਾ। ਕੁਦਰਤੀ ਔਖੇ ਪਿੰਡਾਂ (ਹਰੀਜਨ ਪਿੰਡ, ਸਰਹੱਦੀ ਪਿੰਡ, ਕੰਡੀ ਏਰੀਆ, ਬੇਟ ਤੇ ਸੇਮ ਨਾਲ ਪ੍ਰਭਾਵਿਤ ਪਿੰਡਾਂ ਦਾ ਖਾਸ ਧਿਆਨ ਰੱਖਣਾ।
2 ਚੱਲ ਰਹੀਆਂ ਜਲ ਸਪਲਾਈ ਸਕੀਮਾਂ ਤੇ ਨਵੀਆਂ ਸਕੀਮਾਂ ਦੇ ਹਰ ਘਰ ਨੂੰ ਮੀਟਰ ਨਾਲ ਪਾਣੀ ਦੇਣਾ, ਸਾਂਝੀਆਂ ਲਗਾਈਆਂ ਟੂਟੀਆਂ ਨੂੰ ਹੋਲੀ ਹੋਲੀ ਖਤਮ ਕਰਨਾ। ਪਿੰਡ ਵਾਸੀਆਂ ਨੂੰ ਚੰਗੀ ਗੁਣਵੱਤਤਾ ਦੇ ਪਾਣੀ ਦੇ ਨਾਲ- ਨਾਲ ਕੁਨੈਕਸ਼ਨ ਦੇਣਾ ਤੇ ਮੀਟਰ ਲੈਣ ਲਈ ਸਹਾਇਤਾ ਕਰਨਾ ਅਤੇ ਮੁਫਤ ਪਾਣੀ ਦੇ ਕੁਨੈਕਸ਼ਨ ਦੇਣਾ।
3 ਗਰਾਮ ਪੰਚਾਇਤ ਨੂੰ ਪਾਣੀ ਦੀ ਲੋੜ ਅਨੁਸਾਰ ਪਾਣੀ ਦੇ ਰੇਟ ਤਹਿ ਕਰਨਾ ਅਤੇ ਲੋਕਾਂ ਨੂੰ ਪਾਣੀ ਸੁਚਾਰੂ ਢੰਗ ਨਾਲ ਵਰਤਨ ਤੇ ਘੱਟੋ ਘੱਟ ਜਾਇਆ ਕਰਨ ਲਈ ਪ੍ਰੇਰਿਤ ਕਰਨਾ। ਸਟੇਟ ਲੈਵਲ ਤੇ ਇਕ ਉਚ ਅਧਿਕਾਰਿਤ ਕਮੇਟੀ ਬਨਾਉਣਾ ਜਿਸ ਚੇਅਰਮੈਨ ਮਹਿਕਮੇ ਦੇ ਪ੍ਰਬੰਧਕੀ ਸਕੱਤਰ ਤੇ ਸਾਰੀਆਂ ਤਬਕਿਆਂ ਤੋਂ ਮੈਂਬਰ ਲੈ ਕੇ ਮੀਟਰ ਪਾਲਿਸੀ ਨੂੰ ਲਾਗੂ ਕਰਨਾ ਤੇ ਲੋੜੀਂਦੇ ਸੁਝਾਅ ਦੇਣਾ ਆਦਿ।
4 ਵੱਧੀਆ ਕੰਮ ਕਰ ਰਹੀਆਂ ਕਮੇਟੀਆਂ ਨੂੰ ਵਾਧੂ ਫੰਡਾਂ ਨਾਲ ਸਨਮਾਨਿਤ ਕਰਨਾ।
5 ਚੰਗੀਆਂ ਗ੍ਰਾਮ ਪੰਚਾਇਤਾਂ ਵਿਚ 100% ਕੁਨੈਕਸ਼ਨ ਕਰਵਾਉਣਾ ਤੇ 24 ਘੰਟੇ ਪਾਣੀ ਦੇਣ ਲਈ ਤਕਨੀਕੀ ਸਹਾਇਤਾ ਕਰਨਾ ਇਸੇ ਤਰ੍ਹਾਂ ਜਿਥੇ 24 ਘੰਟੇ ਪਾਣੀ ਦਿੱਤਾ ਜਾਂਦਾ ਹੈ ਵਿਚ ਖੁੱਲੇ ਵਿਚ ਸ਼ੌਚ ਹਟਾਉਣ ਲਈ ਸੀਵਰੇਜ ਸਕੀਮਾਂ ਉਪਬਲੱਧ ਕਰਵਾਉਣਾ ਹੈ।

**<u>ਉਕਤ ਤੋਂ ਇਲਾਵਾ ਹੇਠ ਲਿਖੇ ਨੁਕਤਿਆਂ ਵੱਲ ਵੀ ਧਿਆਨ ਦੇਣਾ ਹੈ</u>**

1 ਸੋਮਿਆਂ ਦਾ ਟਿਕਾਉ ਹੋਣਾ, ਜਲ ਸਪਲਾਈ ਸਕੀਮਾਂ ਦਾ ਟਿਕਾਉਣ ਹੋਣਾ, ਇਨ੍ਹਾਂ ਦੋਵੇਂ ਨੁਕਤਿਆਂ ਨੂੰ ਪੂਰਾ ਕਰਨ ਲਈ ਮਹਿਕਮੇ ਵਲੋਂ ਤਕਨੀਕੀ ਸਹਾਇਤਾ ਵਾਰ ਵਾਰ ਦੇਣਾ।
2 ਸਾਰੇ ਪੰਜਾਬ ਵਿਚ ਮੌਸਮ ਵਿਚ ਆਉਣ ਵਾਲੇ ਬਦਲਾਵ ਲਈ ਲੋੜੀਂਦਾ ਅਧਿਐਨ ਕਰਵਾਉਣਾ ਤੇ ਲੋੜੀਂਦੇ ਬਦਲਾਓ ਲਈ ਪਾਲਿਸੀ ਬਨਾਉਣਾ ਸ਼ਾਮਿਲ ਹੈ।
3 ਲੋਕਾਂ ਨੂੰ ਮਹਿਕਮੇ ਵਲੋਂ ਦਿੱਤੇ ਜਾ ਰਹੇ ਪਾਣੀ ਨੂੰ ਪਹਿਲ ਦੇ ਆਧਾਰ ਤੇ ਵਰਤਣ ਲਈ ਪ੍ਰੇਰਿਤ ਕਰਨਾ ਅਤੇ ਲੋਕਾਂ ਵਲੋਂ ਵਰਤੇ ਜਾ ਰਹੇ ਪ੍ਰਾਈਵੇਟ ਸੋਮਿਆਂ ਤੋਂ ਪੀਣ ਵਾਲੇ ਪਾਣੀ ਨੂੰ ਟੈਸਟ ਕਰਨਾ।
4 ਕਿਸੇ ਭਿਆਨਕ ਬਿਮਾਰੀ, ਹੜ੍ਹ ਤੇ ਸਕੀਮਾਂ ਦੇ ਫੇਲ ਹੋਣ ਕਾਰਨ, ਪੀਣ ਯੋਗ ਪਾਣੀ ਦਾ ਪ੍ਰਬੰਧ ਕਰਨਾ।
5 ਮਹਿਕਮੇ ਵਲੋਂ ਨਵੀਆਂ ਤਕਨੀਕਾਂ ਨਾਲ ਪਾਣੀ ਸਾਫ ਕਰਨ ਤੇ ਯਤਨਾ ਨੂੰ ਜਾਰੀ ਰਖਣਾ ਹੈ।
6 ਕੈਮੀਕਲ ਟੈਸਟਿੰਗ ਤੋਂ ਇਲਾਵਾ, ਬੈਕਟੀਰੀਆ ਲਈ ਟੈਸਟਿੰਗ, ਹੈਵੀ ਮੈਟਲ, ਯੂਰੇਨੀਅਮ ਆਦਿ ਲਈ ਵੀ ਟੈਸਟਿੰਗ ਦਾ ਨਿਯਮਤ ਤਰੀਕੇ ਨਾਲ ਕੀਤੀ ਜਾਣੀ ਹੈ।

**ਸੈਨੀਟੇਸ਼ਨ**

ਜਿਥੋਂ ਤੱਕ ਖੁੱਲੇ ਵਿੱਚ ਸ਼ੋਚ ਕਰਨਾ ਤੇ ਉਸ ਨਾਲ ਹੋਣ ਵਾਲੇ ਦੁਸ਼ਪ੍ਰਭਾਵਾਂ ਦਾ ਸਬੰਧ ਹੈ ਉਸ ਲਈ ਮਹਿਕਮੇ ਵਲੋਂ ਸੈਪਟਿਕ ਟੈਂਕਾਂ, ਲੀਚ ਪਿੱਟ ਸੀਵਰੇਜ ਸਿਸਟਮ ਤੇ ਟਰੀਟਮੈਂਟ ਪਲਾਂਟ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਧਰਤੀ ਹੇਠਲਾ ਪਾਣੀ ਗੰਧਲਾ ਨਾ ਹੋਵੇ। ਸਿਲਸਿਲੇਵਾਰ ਹਰ ਪਿੰਡ ਵਿਚ ਸੀਵਰੇਜ ਸਿਸਟਮ ਪਾਉਣਾ ਹੈ। ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਆਂਗਨਵਾੜੀਆਂ ਤੇ ਸਕੂਲਾਂ ਵਿਚ ਪਖਾਨਿਆਂ ਦਾ ਪ੍ਰਬੰਧ ਕਰਨਾ ਹੈ।

ਇਸੇ ਤਰ੍ਹਾਂ ਪਿੰਡਾਂ ਵਿਚ ਵਾਤਾਵਰਨ ਸੈਨੀਟੇਸ਼ਨ ਨੂੰ ਠੀਕ ਰੱਖਣ ਲਈ ਮਹਿਕਮੇ ਵਲੋਂ ਸਾਲਿਡ ਵੇਸਟ ਤੇ ਵੇਸਟ ਵਾਟਰ ਟਰੀਟਮੈਂਟ ਲਈ ਤਕਨੀਕੀ ਸਹਾਇਤਾ ਪ੍ਰਦਾਨ ਕਰਨਾ ਸ਼ਾਮਿਲ ਹੈ।

ਸਰਕਾਰ ਵਲੋਂ ਜਲ ਸਪਲਾਈ ਨੂੰ ਟਿਕਾਉ ਬਨਾਉਣਾ ਤੇ ਲੋਕਾਂ ਦੇ ਦਿਲਾਂ ਵਿਚ ਵਿਸ਼ਵਾਸ਼ ਪੈਦਾ ਕਰਨ ਲਈ ਇਸ ਵਿੱਚ ਆਉਣ ਵਾਲੀਆਂ ਸਿਕਾਇਤਾਂ ਦਾ ਨਿਪਟਾਰਾ ਸਮੇਂ ਬੱਧ ਤਰੀਕੇ ਨਾਲ ਕਰਵਾਉਣ ਵਿੱਚ ਇਕ ਸਿਸਟਮ ਅਧੀਨ ਕੰਮ ਕਰਨਾ ਸ਼ਾਮਿਲ ਹੈ।

ਪਿੰਡ ਦੇ ਲੋਕਾਂ ਨੂੰ ਮਹਿਕਮੇ ਪ੍ਰਤੀ ਸਹੀ ਤੇ ਸਮੇਂ ਸਿਰ ਜਾਣਕਾਰੀ ਮਹਿਕਮੇ ਦੇ ਸੀ ਸੀ ਡੀ ਯੂ ਵਿੰਗ ਰਾਹੀਂ ਦਿੱਤੀ ਜਾਵੇਗੀ। ਜਿਸ ਵਿਚ ਮਹਿਕਮੇ ਵਲੋਂ ਪੰਜਾਬੀ ਤੇ ਅਗਰੇਜੀ ਵਿੱਚ, ਫਿਲਮਾਂ, ਮੈਗਜ਼ੀਨ, ਅਤੇ ਵੈਬ ਸਾਈਟ ਆਦਿ ਦੀ ਸਹਾਇਤਾ ਲਈ ਜਾਵੇਗੀ।

ਮਹਿਕਮੇ ਵਲੋਂ ਦੂਸਰੇ ਮਹਿਕਮਿਆਂ ਨਾਲ ਰਾਬਤਾ ਕਾਇਮ ਕਰਕੇ ਆਪਣੀਆਂ ਸਕੀਮਾਂ ਨੂੰ ਸਿਰੇ ਚਾੜ੍ਹਿਆ ਜਾਵੇਗਾ। ਜਿਵੇਂਕਿ ਮਹਿਕਮਾ ਸਿਹਤ ਤੇ ਪਰਿਵਾਰ ਭਲਾਈ, ਸਿੱਖਿਆ ਵਿਭਾਗ, ਔਰਤਾਂ ਤੇ ਬਾਲ ਵਿਭਾਗ ਜਿਸ ਨਾਲ ਇਸ ਮਹਿਕਮੇ ਦਾ ਸਿੱਧਾ ਸਬੰਧ ਹੈ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ।

## ਨਵਾਂ ਉਤਪਾਦ: ਦੋਸਾਟਰੋਨ (ਵਾਤਾਵਰਨ ਅਨੁਕੂਲ ਡੋਜ਼ਿੰਗ ਯੰਤਰ)

ਜਲ ਸਪਲਾਈ ਅਤੇ ਸੈਨੀਟੇਸ਼ਨ ਮਹਿਕਮਾ ਹਮੇਸ਼ਾ ਹੀ ਮਹਿਕਮੇ ਵਲੋਂ ਪਿੰਡਾਂ ਵਿੱਚ ਦਿੱਤੇ ਜਾਣ ਵਾਲੇ ਪਾਣੀ ਨੂੰ ਮੈਲਾ ਹੋਣ ਤੋਂ ਬਚਾਉਣ ਲਈ ਨਵੀਆਂ ਤਕਨੀਕਾਂ ਅਤੇ ਨਵੇਂ ਯੰਤਰਾਂ ਦੀ ਭਾਲ ਵਿੱਚ ਰਹਿੰਦਾ ਹੈ। ਇਸੇ ਲੜੀ ਦੀ ਲਗਾਤਾਰਤਾ ਵਿੱਚ ਹੁਣ ਮਹਿਕਮੇ ਨੇ ਇੱਕ ਨਵਾਂ ਯੰਤਰ ਜਿਸ ਨੂੰ "ਦੋਸਾਟਰੋਨ" ਕਿਹਾ ਜਾਂਦਾ ਹੈ ਜਿਸ ਨੂੰ ਮਹਿਕਮੇ ਵਲੋਂ ਸਪਲਾਈ ਕੀਤੇ ਜਾਣ ਵਾਲੇ ਪਾਣੀ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਪ੍ਰਯੋਗ ਵਿੱਚ ਲਿਆਉਣਾ ਸ਼ੁਰੂ ਕੀਤਾ ਹੈ। ਇਹ ਯੰਤਰ ਵਾਤਾਵਰਨ ਅਨੁਕੂਲ, ਪਾਣੀ ਨਾਲ ਚੱਲਣ ਵਾਲਾ, ਬਿਨਾਂ ਬਿਜਲੀ ਰਸਾਇਣ ਨੂੰ ਪਾਣੀ ਵਿੱਚ ਪਾਉਣ ਵਾਲਾ ਹੈ। ਇਹ ਯੰਤਰ ਨਾਲ ਸਾਰੇ ਕੰਮ ਜਿਵੇਂਕਿ ਪਾਣੀ ਨਾਲ ਹੀ ਚੱਲਣ ਵਾਲੀ ਮੋਟਰ, ਰਸਾਇਣ ਦਾ ਪਾਣੀ ਵਿੱਚ ਲੋੜ ਅਨੁਸਾਰ ਲਗਾਤਾਰ ਪਾਉਣਾ ਅਤੇ ਦਿੱਤੇ ਜਾਣ ਵਾਲੇ ਪਾਣੀ ਦੀ ਮਾਤਰਾ ਨਾਲ ਮੇਲ ਖਾਂਦਾ ਹੈ। ਇਸ ਯੰਤਰ ਨਾਲ ਪਾਉਣ ਵਾਲੇ ਰਾਸਾਇਣ ਦੀ ਮਾਤਰਾ ਨੂੰ ਸੰਚਾਲਨ ਕਰਦਾ ਹੈ।




**ਪੀਣ ਵਾਲੇ ਪਾਣੀ ਦੀ ਸਪਲਾਈ ਸਬੰਧੀ ਸਮੱਸਿਆਵਾਂ ਘਰ ਬੈਠੇ ਨੋਟ ਕਰਾਉ**



ਪੀਣ ਵਾਲੇ ਪਾਣੀ ਦੀਆਂ ਸ਼ਿਕਾਇਤਾਂ ਸਬੰਧੀ ਸੰਪਰਕ ਕਰੋ
ਟੋਲ ਫ੍ਰੀ ਨੰਬਰ
**1800-180-2468**
ਸ਼ਿਕਾਇਤ ਨਿਵਾਰਣ ਕੇਂਦਰ, ਵਾਟਰ ਵਰਕਸ ਫੇਜ਼-2, ਐਸ.ਏ.ਐਸ.ਨਗਰ

24 ਘੰਟੇ ਸ਼ਿਕਾਇਤਾਂ ਦਰਜ

**ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ**

**ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ**

ਸਟੇਟ ਪ੍ਰੋਗਰਾਮ ਮਨੇਜਮੇਂਟ ਸੈਲ
ਵਾਟਰ ਵਰਕਸ ਕੰਮਪਲੈਕਸ,
ਫੇਜ-2, ਐਸ ਏ ਐਸ ਨਗਰ (ਮੁਹਾਲੀ)
ਫੋਨ: 0172-4330316,4330317

Website
www.wbprwssproject.org
email :
pdspmc@gmail.com

ਹਰ ਮਨੁੱਖ ਲਾਵੇ ਇਕ ਰੁੱਖ

Printed by: Unistar Books Pvt. Ltd., Chandigarh